Surrey Schools
LEADERSHIP IN LEARNING

Tel: 604.596.7733
www.sd36.bc.ca

# Keeping Youth Safe: Suggestions
# ਨੌਜਵਾਨ ਬੱਚਿਆਂ ਦੀ ਹਿਫਾਜਤ ਲਈ ਸੁਝਾਓ

1. ਆਪਣੇ ਬੱਚੇ ਨੂੰ ਯਾਦ ਦਿਲਵਾਓ ਕਿ ਓਹ ਆਪਣੇ ਆਲੇ ਦੁਆਲੇ ਤੋਂ ਜਾਣੂ ਰਹੇ ਅਤੇ ਜਦੋਂ ਵੀ ਕਿਤੇ ਤੁਰੇ ਤਾਂ ਇਓਂ ਲੱਗੇ ਕਿ ਓਹਨੂੰ ਪਤਾ ਹੈ ਕਿ ਓਹ ਕਿਥੇ ਜਾ ਰਿਹਾ ਹੈ ਅਤੇ ਹੁਸ਼ਿਆਰੀ ਨਾਲ ਤੁਰੇ ।

2. ਸਦਾ ਹੀ ਆਪਣੇ ਬੱਚੇ ਤੋਂ ਇਸ ਗਲੱ ਦੇ ਜਾਣੂ ਰਹੋ ਕਿ ਓਹ ਕਿਥੇ ਹੈ ਅਤੇ ਕਿਸ ਦੇ ਨਾਲ ਹੈ ।

3. ਸਦਾ ਹੀ ਆਪਣੇ ਬੱਚੇ ਦੇ ਦੋਸਤਾਂ ਦੇ ਫੋਨ ਨੰਬਰਾਂ ਦੀ ਅਤੇ ਘਰ ਦੇ ਪਤਿਆਂ ਦੀ ਸੂਚੀ ਚਲੰਤ ਰੱਖੋ ।

4. ਬੱਚੇ ਨਾਲ ਸਕੂਲ ਪਹੁੰਚਣ ਲਈ ਸੁਰੱਖਿਅਤ ਰਾਹ ਬਾਰੇ ਵਿਚਾਰ ਕਰੋ, ਜਿਥੇ ਗਲੀ ਦੀਆਂ ਲਾਈਟਾਂ ਠੀਕ ਹੋਣ ਜਾਂ ਬੱਚੇ ਦੇ ਕਿਸੇ ਦੋਸਤ ਦਾ ਘਰ ਓਸ ਰਾਹ ਵਿੱਚ ਹੋਵੇ ।

5. ਬੱਚੇ ਨੂੰ ਸਦਾ ਹੀ ਇਸ ਰਾਹ ਵਿੱਚ ਚਲੱਣ ਲਈ ਪ੍ਰੇਰੋ ।

6. ਅਗਰ ਕੋਈ ਅਜਨਬੀ ਤੁਹਾਡੇ ਬੱਚੇ ਦੇ ਪਿੱਛੇ ਪੈ ਜਾਵੇ ਤਾਂ ਬੱਚਾ ਸੜਕ ਦੇ ਓਲਟ ਪਾਸੇ ਤੁਰ ਕੇ ਜਲਦੀ ਨਾਲ ਕਿਸੇ ਠੀਕ ਥਾਂ, ਜਿਵੇਂ ਕਿ ਕਿਸੇ ਦੋਸਤ ਦੇ ਘਰ, ਚਲੇ ਜਾਵੇ ।

6. ਅਗਰ ਕੋਈ ਅਜਨਬੀ ਬੱਚੇ ਨਾਲ ਗੱਲਬਾਤ ਕਰੇ ਤਾਂ ਓਸ ਕੋਲੋਂ ਕੁੱਝ ਦੂਰ ਰਹਿ ਕੇ ਹੀ ਗੱਲ ਬਾਤ ਕਰਨ । ਇਸ ਦੂਰੀ ਨਾਲ ਓਹ ਓਹ ਅਜਨਬੀ ਬੱਚੇ ਦਾ ਕਲਾਵਾ ਨਹੀਂ ਭਰ ਸਕਦਾ ਅਤੇ ਧੱਕਾ ਦੇ ਕਿ ਆਪਣੀ ਕਾਰ ਜਾਂ ਵੈਨ ਵਿੱਚ ਨਹੀਂ ਸੁੱਟ ਸਕਦਾ ।

7. ਬੱਚੇ ਨੂੰ ਇਹ ਵੀ ਦੱਸ ਦਿਓ ਕਿ ਲੋਕਲ ਫੋਨ ਤੋਂ 911 ਨੰਬਰ ਘਮਾਓਣ ਲਈ ਪੈਸੇ ਨਹੀਂ ਚਾਹੀਦੇ ।

8. ਬੱਚੇ ਨੂੰ ਇਹ ਵੀ ਸਮਝਾਓ ਕਿ ਇੱਕ ਅਜਨਬੀ ਨਾਲ ਲੋੜ ਤੋਂ ਵੱਧ ਗੱਲ ਨਹੀਂ ਕਰਨੀ ਚਾਹੀਦੀ ਅਤੇ ਆਪਣੇ ਬਾਰੇ ਕੋਈ ਵੀ ਜਾਣਕਾਰੀ ਨਹੀਂ ਦੇਣੀ ਚਾਹੀਦੀ । ਇਸ ਤਰਾਂ ਦੀ ਮੁਲਾਕਾਤ ਤੋਂ ਇਨਕਾਰ ਕਰਨਾਂ ਕੋਈ ਮਾੜਾ ਨਹੀਂ ਸਮਝਿਆ ਜਾਂਦਾ ।

9. ਬੱਚੇ ਨੂੰ ਕਹੋ ਕਿ ਬੱਸ ਫੜਨ ਲਈ ਬੱਸ ਦੇ ਆਓਣ ਤੋਂ ਕੁੱਝ ਪਲ ਹੀ ਪਹਿਲਾਂ ਬੱਸ ਦੇ ਅੱਡੇ ਓਪਰ ਪੰਹੁਚਣ । ਬੱਸ ਦੇ ਸਟੈਂਡ ਓਪਰ ਲੰਮਾ ਸਮਾਂ ਬੱਸ ਦੀ ਓਡੀਕ ਕਰਦੇ ਵੀ ਹਾਨੀਕਾਰਕ ਸਿੱਧ ਹੋ ਸਕਦਾ ਹੈ ।

10. ਜਦੋਂ ਬੱਚਾ ਆਪਣੇ ਦੋਸਤ ਦੇ ਘਰ ਜਾਵੇ ਤਾਂ ਦੋਸਤ ਦੇ ਮਾਪਿਆਂ ਤੋਂ ਇਹ ਤਸਦੀਕ ਕਰ ਲਵੋ ਕਿ ਬੱਚਿਆਂ ਦੀ ਦੇਖ ਭਾਲ ਕੋਣ ਕਰ ਕਰ ਰਿਹਾ ਹੈ ਅਤੇ ਵਾਕਿਆ ਹੀ ਤੁਹਾਡਾ ਬੱਚਾ ਓਸ ਹੀ ਘਰ ਹੈ ਜਿਥੇ ਓਹਨੇ ਜਾਣ ਲਈ ਤੁਹਾਡੇ ਕੋਲੋਂ ਇਜ਼ਾਜ਼ਤ ਲਈ ਸੀ ।

11. ਆਪਣੇ ਬੱਚੇ ਬਾਰੇ ਚਲੰਤ ਜਾਣਕਾਰੀ, ਜਿਵੇਂ ਇਕੱ ਰੰਗਦਾਰ ਤਸਵੀਰ, ਬੱਚੇ ਦੀ ਲੰਬਾਈ, ਭਾਰ ਅਤੇ ਦੰਦਾ ਦਾ ਰਿਕਾਰਡ ਸਾਂਭ ਕੇ ਰੱਖੋ ।

12. ਅਗਰ ਕਿਸੇ ਅਜਨਬੀ ਨਾਲ ਕੋਈ ਘਟਨਾ ਵਾਪਰੇ ਤਾਂ ਬੱਚੇ ਨੂੰ ਇਹ ਯਾਦ ਦਿਲਵਾ ਦਿਓ ਕਿ ਓਸ ਅਜਨਬੀ ਦੀ ਜਾਣਕਾਰੀ, ਜਿਵੇਂ ਕਿ ਓਸਦੀ ਲੰਬਾਈ, ਭਾਰ, ਕੱਪੜੇ, ਵਾਲਾਂ ਦਾ ਰੰਗ ਇਤਆਦਿਕ, ਅਤੇ, ਓਸਦੀ ਕਾਰ ਜਾਂ ਵੈਨ ਦਾ ਮਾਡਲ, ਰੰਗ ਜਾ ਕਾਰ ਵਿੱਚ ਕੋਈ ਮੁਰਮੰਤ ਲਈ ਨਿਸ਼ਾਨਾਂ ਦੀ ਜਾਣਕਾਰੀ ਵਾਰੇ ਜਿਤਨਾ ਵੀ ਹੋ ਸਕੇ ਧਿਆਨ ਨਾਲ ਦੇਖ ਲਵੇ ।

13. ਇਹ ਬਹੁਤ ਜ਼ਰੂਰੀ ਹੈ ਕਿ ਇਸ ਤਰਾਂ ਦਾ ਹਰ ਹਾਦਸਾ ਪੁਲੀਸ ਅਤੇ ਸਕੂਲ ਦੇ ਪ੍ਰਿੰਸੀਪਲ ਦੇ ਧਿਆਨ ਵਿੱਚ ਜ਼ਰੂਰ ਲਿਆਂਦਾ ਜਾਵੇ ।